This question paper contains 3 printed pages]

*Your Roll No.........................*

**2608**

**B.A. (PROGRAMME)/I** **D-I**

PUNJABI LANGUAGE (B)—Paper I

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਕਰਨੇ ਜ਼ਰੂਰੀ ਹਨ।

1. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਲਾਇਬ੍ਰੇਰੀ ਦਾ ਜੁਰਮਾਨਾ ਮੁਆਫ਼ ਕਰਾਉਣ ਲਈ ਬੇਨਤੀ ਪੱਤਰ ਲਿਖੋ। 15

**ਜਾਂ**

ਆਪਣੇ ਇਲਾਕੇ ਦੇ ਪੋਸਟ-ਮਾਸਟਰ ਨੂੰ ਡਾਕੀਏ ਦੇ ਰੁੱਖੇ ਵਤੀਰੇ ਬਾਰੇ ਸ਼ਿਕਾਇਤ-ਪੱਤਰ ਲਿਖੋ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉੱਤੇ ਪੈਰ੍ਹਾ ਲਿਖੋ : 15

ੳ) ਵਿਦਿਆ ਵਿਚਾਰੀ ਤਾਂ ਪਰਉਪਕਾਰੀ

ਅ) ਪੁਸਤਕਾਂ ਦਾ ਮਹੱਤਵ

ੲ) ਫ਼ੈਸ਼ਨ

P.T.O.

3. ਕਿਸੇ ਮਨ-ਪਸੰਦ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 15

4. ਕਿਸੇ ਮਨ-ਪਸੰਦ ਪਕਵਾਨ ਬਣਾਉਣ ਦੀ ਵਿਧੀ ਅਤੇ ਸਮਗਰੀ ਬਾਰੇ ਲਿਖੋ। 10

5. ਆਪਣੇ ਦੋਸਤ ਜਾਂ ਆਪਣੀ ਸਹੇਲੀ ਦੀ ਸ਼ਖਸੀਅਤ ਬਾਰੇ ਜਾਣਕਾਰੀ ਦੇਂਦੇ ਹੋਏ ਦੱਸ ਵਾਕ ਲਿਖੋ। 10

6. ੳ) ਸ਼ਬਦ ਜੋੜਾਂ ਦੇ ਕੋਈ **ਪੰਜ** ਨੇਮ ਲਿਖੋ ਅਤੇ ਉਦਾਹਰਣਾਂ ਦੀ ਦਿਓ। 10

ਅ) ਹੇਠ ਲਿਖੇ ਨਾਵਾਂ ਦੇ ਵਿਸ਼ੇਸ਼ਣ ਬਣਾਓ : 5

ਈਰਖਾ, ਕਿਰਤ, ਘੇਰਾ, ਜੋਸ਼, ਝਗੜਾ

ੲ) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਨੂੰ **ਦੋ-ਦੋ** ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹ ਅੱਲਗ-ਅੱਲਗ ਅਰਥ ਦੇਣ : 5

ਕੱਚਾ, ਹਾਰ, ਸੰਗ, ਸੂਤ, ਸਿੱਟਾ

ਸ) **ਪੰਜ** ਮੂਲ ਤੇ **ਪੰਜ** ਰਚਿਤ ਸ਼ਬਦ ਲਿਖੋ। 5

7. ਹੇਠ ਲਿਖੇ ਪੈਰ੍ਹੇ ਦਾ ਸਾਰਾਸ਼ ਲਿਖੋ ਅਤੇ ਉਨਦਾ ਸਿਰਲੇਖ ਵੀ ਦਿਓ : 10

"ਮਨੁੱਖ ਦੇ ਜੀਵਨ ਦਾ ਮਨੋਰਥ ਕੁੱਝ ਪ੍ਰਾਪਤ ਕਰਨਾ ਨਹੀਂ, ਬਲਕਿ ਆਪਣੇ ਆਪ ਨੂੰ ਕੁੱਝ ਬਣਾਉਣਾ ਹੈ। ਆਪਣੇ ਆਪ ਨੂੰ ਉੱਚੇ ਤੋਂ ਉੱਚੇ ਸਿਖਰ ਤੇ ਪਹੁੰਚਾਉਣਾ ਹੈ ਤਾਂ ਕਿ ਕਰਤਾ ਆਪਣੀ ਕਿਰਤ ਨੂੰ ਆਪਣੇ ਜਿਹਾ ਬਣਦਾ ਵੇਖ ਕੇ ਖੁਸ਼ ਹੋਣ। ਇਸ ਆਦਰਸ਼ ਦੇ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਅੰਦਰ ਦੇ ਗੁਣਾਂ ਨੂੰ ਪੂਰੀ ਤਰ੍ਹਾਂ ਵਧਾਉਣ ਦਾ ਯਤਨ ਕਰੇ। ਬਾਗ ਦੇ ਚੰਗੇ ਮਾਲੀ ਦਾ ਯਤਨ ਹੁੰਦਾ ਹੈ ਕਿ ਜਿਸ ਫੁੱਲ ਦੀ ਉਹ ਪਾਲਣਾ ਕਰ ਰਿਹਾ ਹੈ, ਉਸ ਨੂੰ ਹਰ ਮੌਸਮ ਵਿੱਚ ਚੰਗੇ ਤੋਂ ਚੰਗਾ ਕਰੀ ਜਾਵੇ, ਤਾਂ ਕਿ ਇਸ ਸਾਲ ਦੀ ਵੰਨਗੀ ਪਿਛਲੇ ਸਾਲ ਨਾਲੋਂ ਚੰਗੀ ਹੋਵੇ, ਇਥੋਂ ਤੱਕ ਕਿ ਉਨਤੀ ਕਰਦਿਆਂ-ਕਰਦਿਆਂ, ਉਹ ਫਲ, ਰੂਪ, ਸੁਗੰਧ ਅਤੇ ਆਕਾਰ ਵਿੱਚ ਆਪਣੀ ਵੰਨਗੀ ਦੇ ਕਮਾਲ ਤੱਕ ਪੁੱਜ ਜਾਵੇ। ਮਨੁੱਖ ਨੇ ਭੀ ਆਪਣੇ ਮਾਲਕ ਦੇ ਹਜ਼ੂਰ ਕਬੂਲ ਪੈਣ ਲਈ ਆਪਣੇ ਆਪ ਨੂੰ ਮਨੁੱਖਤਾ ਦੀ ਟੀਸੀ ਤੇ ਪਹੁੰਚਾਉਣਾ ਹੈ।"